# Mission Sagar: India's helping hand across the Indian Ocean

May 10, 2020

---

## ਮਿਸ਼ਨ ਸਾਗਰ: ਹਿੰਦ ਮਹਾਂਸਾਗਰ ਪਾਰ ਭਾਰਤ ਨੇ ਅੱਗੇ ਵਧਾਇਆ ਮਦਦ ਦਾ ਹੱਥ

10 ਮਈ, 2020

COVID-19 ਮਹਾਂਮਾਰੀ ਨਾਲ ਨਜਿੱਠਣ ਵਿਚ ਮਦਦ ਕਰਨ ਲਈ ਮਿਲੀਆਂ ਬੇਨਤੀਆਂ ਦੇ ਪ੍ਰਤੀਕਰਮ ਵਜੋਂ ਭਾਰਤ ਸਰਕਾਰ ਨੇ ਦੋ ਮੈਡੀਕਲ ਸਹਾਇਤਾ ਟੀਮਾਂ, COVID ਲਈ ਜ਼ਰੂਰੀ ਦਵਾਈਆਂ ਦੀਆਂ ਖੇਪਾਂ ਅਤੇ ਖਾਣਪੀਣ ਵਾਲੀਆਂ ਜ਼ਰੂਰੀ ਚੀਜ਼ਾਂ ਨਾਲ ਲੱਦਿਆ ਭਾਰਤੀ ਸਮੁੰਦਰੀ ਜਹਾਜ਼ ਕੇਸਰੀ ਮਾਲਦੀਵ, ਮਾਰੀਸ਼ਸ, ਮੈਡਾਗਾਸਕਰ, ਕੋਮੋਰਸ ਅਤੇ ਸੇਸ਼ੇਲਜ਼ ਭੇਜਿਆ ਹੈ।

ਇਹ ਮੈਡੀਕਲ ਸਹਾਇਤਾ ਟੀਮਾਂ ਮਾਰੀਸ਼ਸ ਅਤੇ ਕੋਮੋਰੋਸ ਵਿੱਚ ਤੈਨਾਤ ਕੀਤੀਆਂ ਜਾਣਗੀਆਂ, ਤਾਂ ਜੋ ਇਹ ਉਥੋਂ ਦੀਆਂ ਸਰਕਾਰਾਂ ਨੂੰ COVID ਐਮਰਜੈਂਸੀ ਅਤੇ ਡੇਂਗੂ ਬੁਖਾਰ (ਕੋਮੋਰੋਸ ਦੇ ਮਾਮਲੇ ਵਿਚ) ਨਾਲ ਨਜਿੱਠਣ ਵਿਚ ਮਦਦ ਦੇਣਗੀਆਂ।

ਇਸ ਜਹਾਜ਼ ਰਾਹੀਂ COVID ਨਾਲ ਸਬੰਧਤ ਜ਼ਰੂਰੀ ਦਵਾਈਆਂ ਦੀ ਖੇਪ ਮਾਰੀਸ਼ਸ, ਮੈਡਾਗਾਸਕਰ, ਕੋਮੋਰਸ ਅਤੇ ਸੇਸ਼ੇਲਜ਼ ਭੇਜੀ ਗਈ ਹੈ ਅਤੇ ਮਾਲਦੀਵ ਨੂੰ ਤਕਰੀਬਨ 600 ਟਨ ਖਾਣਪੀਣ ਦੀਆਂ ਵਸਤਾਂ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ ਮਾਰੀਸ਼ਸ ਨੂੰ ਆਯੁਰਵੈਦਿਕ ਦਵਾਈਆਂ ਦੀ ਇਕ ਵਿਸ਼ੇਸ਼ ਖੇਪ ਵੀ ਭੇਜੀ ਜਾ ਰਹੀ ਹੈ।

ਮੈਡਾਗਾਸਕਰ ਅਤੇ ਕੋਮੋਰੋਸ ਨੂੰ ਭੇਜੀਆਂ ਗਈਆਂ ਖੇਪਾਂ ਵਿਚ ਹਾਈਡ੍ਰੋਕਸੀਕਲੋਰੋਕਿਨ ਗੋਲੀਆਂ ਵੀ ਸ਼ਾਮਲ ਹਨ, ਜੋ ਪਹਿਲਾਂ ਹੀ ਮਾਰੀਸ਼ਸ, ਮਾਲਦੀਵਜ਼ ਅਤੇ ਸੇਸ਼ੇਲਜ਼ ਭੇਜੀਆਂ ਜਾ ਚੁੱਕੀਆਂ ਹਨ।

ਇਸ ਖਿੱਤੇ ਵਿੱਚ ਪਹਿਲੇ ਪ੍ਰਤਿਕ੍ਰਿਆਕਰਤਾ ਵਜੋਂ ਆਪਣੀ ਪਰਖੀ ਗਈ ਭੂਮਿਕਾ ਦੇ ਮੁਤਾਬਕ ਭਾਰਤ ਪਹਿਲਾਂ ਹੀ ਮਾਲਦੀਵ, ਸ਼੍ਰੀਲੰਕਾ, ਮਾਰੀਸ਼ਸ ਅਤੇ ਸੇਸ਼ੇਲਜ਼ ਦੀਆਂ ਸਰਕਾਰਾਂ ਨੂੰ COVID -19 ਲਈ ਜ਼ਰੂਰੀ ਦਵਾਈਆਂ ਮੁਹੱਈਆ ਕਰਵਾ ਕੇ ਮਦਦ ਕਰ ਚੁੱਕਾ ਹੈ। ਇਸ ਸੰਕਟ ਨਾਲ ਨਜਿੱਠਣ ਲਈ ਮਾਲਦੀਵ ਸਰਕਾਰ ਦੀ ਤਿਆਰੀ ਹੋਰ ਚੰਗੇਰੀ ਕਰਨ ਲਈ ਚੋਣਵੇਂ ਡਾਕਟਰੀ ਕਾਮਿਆਂ ਦੀ ਇਕ ਟੀਮ ਵੀ ਮਾਲਦੀਵ ਭੇਜੀ ਗਈ ਸੀ।

'ਮਿਸ਼ਨ ਸਾਗਰ' ਪ੍ਰਧਾਨਮੰਤਰੀ ਦੇ SAGAR - ਖੇਤਰ ਵਿੱਚ ਸਾਰਿਆਂ ਦੀ ਸੁਰੱਖਿਆ ਅਤੇ ਵਿਕਾਸ ਦੇ ਨਜ਼ਰੀਏ ਤੋਂ ਪ੍ਰੇਰਿਤ ਹੈ।

ਨਵੀਂ ਦਿੱਲੀ
10 ਮਈ, 2020

DISCLAIMER: This is an approximate translation. The original is available in English on MEA's website and may be referred to as the official press release.